ੴ ਸਤਿ ਗੁਰ ਪ੍ਰਸਾਦਿ॥

# ਸਿੱਖ ਮੱਤ ਅਤੇ ਸੰਸਾਰ

ਸਿਰਦਾਰ ਕਪੂਰ ਸਿੰਘ

ਮੇਰਾ ਖਿਆਲ ਹੈ ਕਿ ਧਰਮਾਂ ਦੀ ਬਾਹਰਲੀ ਦਿੱਖ ਅਤੇ ਮਰਿਯਾਦਾ ਦੇ ਨੁਕਤੇ ਤੋਂ ਸਰਸਰੀ ਨਜ਼ਰ ਨਾਲ ਵੇਖਿਆਂ ਵੱਖ-ਵੱਖ ਧਰਮਾਂ ਨੂੰ ਪੰਜ ਸ਼੍ਰੇਣੀਆਂ ਵਿਚ ਰੱਖਿਆ ਜਾ ਸਕਦਾ ਹੈ:

(1) ਪਹਿਲੀ ਸ਼੍ਰੇਣੀ ਵਿਚ ਉਹ ਮੱਤ ਆਉਂਦੇ ਹਨ ਜਿੰਨ੍ਹਾਂ ਦਾ ਆਧਾਰ ਨਸਲ ਹੈ ਤੇ ਇੰਨ੍ਹਾਂ ਮੱਤਾਂ ਦਾ ਨਿਸ਼ਚਾ ਹੈ ਕਿ ਰੱਬ ਵਲੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੇ ਅਧਿਕਾਰੀ ਉਨ੍ਹਾਂ ਨੂੰ ਮੰਨਣ ਵਾਲੇ ਅਨੁਯਾਈ ਹੀ ਹਨ।ਇੰਨ੍ਹਾਂ ਮੱਤਾਂ ਦੇ ਅਨੁਯਾਈਆਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਉਨ੍ਹਾਂ ਦਾ ਮੱਤ ਰੱਬ ਵਲੋਂ ਥਾਪੇ ਸ੍ਰੇਸ਼ਟ-ਵਰਗ ਭਾਵ ਚੁਣੇ ਹੋਏ ਲੋਕਾਂ ਲਈ ਸਦੀਵੀ ਤੌਰ ਤੇ ਰਾਖਵਾਂ ਹੈ, ਜਿੰਨ੍ਹਾਂ ਨੇ ਰੱਬ ਨਾਲ ਇਕਰਾਰ ਕੀਤਾ ਹੈ।ਯਹੂਦੀ ਮੱਤ ਇਸ ਸ਼੍ਰੇਣੀ ਦੇ ਧਰਮਾਂ ਦੀ ਉਘੀ ਮਿਸਾਲ ਹੈ।

(2) ਦੂਜੀ ਸ਼੍ਰੇਣੀ ਵਿਚ ਉਹ ਮੱਤ ਆਉਂਦੇ ਹਨ ਜਿੰਨ੍ਹਾਂ ਦਾ ਦਾਅਵਾ ਹੈ ਕਿ ਉਹ ਸਾਰੇ ਲੋਕਾਂ ਲਈ ਖੁੱਲ੍ਹੇ ਹਨ, ਬਸ਼ਰਤੇ ਕਿ ਲੋਕ ਉਨ੍ਹਾਂ ਦੇ ਧਰਮ ਨੂੰ ਧਾਰਨ ਕਰਨ ਅਤੇ ਉਨ੍ਹਾਂ ਦੇ ਧਰਮ ਦੇ ਸੂਤਰਾਂ ਨੂੰ ਸੱਚ ਦਾ ਇੱਕੋ ਇੱਕ ਖਜ਼ਾਨਾਂ ਪ੍ਰਵਾਨ ਕਰ ਲੈਣ।ਵਿਸ਼ਵ ਵਿਆਪੀ ਧਰਮਾਂ ਦੀ ਇਸ ਸ਼੍ਰੇਣੀ ਵਿਚ ਮਸੀਹੀ ਧਰਮ ਤੇ ਇਸਲਾਮ ਗਿਣੇ ਜਾ ਸਕਦੇ ਹਨ।

(3) ਤੀਜੀ ਸ਼੍ਰੇਣੀ ਵਿਚ ਉਹ ਮੱਤ ਆਉਂਦੇ ਹਨ ਜਿਹੜੇ ਇਸ ਗੱਲ ਉਪਰ ਜ਼ੋਰ ਦਿੰਦੇ ਹਨ ਕਿ ਸਰਵੁੱਚ ਧਾਰਮਿਕ ਅਨੁਭਵ ਵਿਸ਼ੇਸ਼ ਭੂਗੋਲਿਕ ਤੇ ਸੱਭਿਆਚਾਰ ਵਾਤਾਵਰਣ ਦੇ ਸੰਦਰਭ ਵਿਚ ਜੀਵਾਤਮਾਂ ਦੇ ਕਈ ਜਨਮਾਂ ਤੇ ਪੁਨਰ-ਜਨਮਾਂ ਦੀ ਲੜੀ ਦਾ ਅੰਤਮ ਸਿੱਟਾ ਹੁੰਦਾ ਹੈ।ਸਪਸ਼ਟ ਹੈ ਕਿ ਇਸ ਸ਼੍ਰੇਣੀ ਦੇ ਮੱਤਾਂ ਅਨੁਸਾਰ ਸੱਚੇ ਧਰਮ ਦਾ ਮਾਰਗ ਤੇ ਪ੍ਰਾਪਤੀਆਂ, ਕੇਵਲ ਵਿਸ਼ੇਸ਼ ਨਸਲ ਤੇ ਖਾਸ ਭੂਗੋਲਿਕ ਖਿੱਤੇ ਦੇ ਲੋਕਾਂ ਤੱਕ ਹੀ ਸੀਮਤ ਹਨ।ਇਸ ਕਰਕੇ ਕੋਈ ਹਿੰਦੂ ਦਾਅਵਾ ਕਰਦਾ ਹੈ; "ਰੱਬ ਦੀ ਵਿਸ਼ੇਸ਼ ਕ੍ਰਿਪਾ ਕਰਕੇ ਹੀ-ਕੋਈ ਮਨੁੱਖ ਹਿੰਦੂ ਵਜੋਂ ਭਾਰਤ ਦੀ ਪਵਿੱਤ੍ਰ ਧਰਤੀ ਉਪਰ ਜਨਮ ਲੈਂਦਾ ਹੈ; ਹੋਰ ਥਾਵਾਂ ਤੇ ਜੰਮਣਾ ਦੁੱਖ ਤੇ ਨਿਰਾਸ਼ਤਾ ਦੇਣ ਵਾਲਾ, ਵਿਅਰਥ ਜਨਮ ਹੈ"। **ਵਿਸ਼ਨੂੰ ਪੁਰਾਣ** ਵਿਚ ਲਿਖਿਆ ਗਿਆ ਹੈ:

ਕ੍ਰਿਸ਼ਣਾਨੁਗ੍ਰਹਤੋ ਲਬਧਵਾ ਮਾਨਵ ਜਨਮ ਭਾਰਤੇ, ਅੰਨਯਸਥਾਨੇ ਵ੍ਰਿਥਾ ਜਨਮ ਨਿਸ਼ਫਲਨਯ ਗਤਾਗਤਮ॥(ਵਿਸ਼ਨੂੰ ਪੁਰਾਣ)

ਇਸ ਸਿਧਾਂਤ ਦੀ ਮੂਲ ਧਾਰਨਾ ਇਹ ਹੈ ਕਿ ਵਰਤਮਾਨ ਸਮੇਂ ਦੇ ਅਣਗਿਣਤ ਨਿੱਜੀ ਅਨੁਭਵ ਅਤੇ ਸ਼੍ਰੀਰਕ ਲੱਛਣ ਪਿਛਲੇ ਕੀਤੇ ਕਰਮਾਂ ਦੀ ਰਹਿੰਦ ਖੂੰਹਦ ਦਾ ਹੀ ਪ੍ਰਗਟਾਵਾ ਹੈ।ਇਕ ਹਿੰਦੂ ਅਨੁਸਾਰ ਪਹਿਲੀਆਂ ਦੋਹਾਂ ਸ਼੍ਰੇਣੀਆਂ ਦੇ ਮੱਤਾਂ ਨੂੰ ਮੰਨਣ ਵਾਲਿਆਂ ਦੇ ਅਸਪੱਸ਼ਟ ਵਰਤਾਰਿਆਂ ਤੇ ਰਹੱਸਵਾਦੀ ਸ਼ਕਤੀਆਂ ਦੇ ਗਹਿਰੇ ਅਧਿਐਨ ਬਾਅਦ ਜਿਹੜੀਆਂ ਖਾਮੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਦੀ ਸਮਝ ਹਿੰਦੂ ਮੱਤ ਦੀ ਪੂਰਬ ਵਰਣਿਤ ਧਾਰਨਾਂ ਨੂੰ ਮੰਨਣ ਤੇ ਸਵੀਕਾਰ ਕਰਨ ਨਾਲ ਹੀ ਆ ਸਕਦੀ ਹੈ।ਇਹੀ ਭਾਰਤ ਵਿਚ ਕਿਸੇ ਹਿੰਦੂ ਪ੍ਰੀਵਾਰ ਵਿਚ ਜਨਮ ਲੈਣ ਦੇ ਦਾਅਵੇ ਨੂੰ ਤਰਕ ਪ੍ਰਦਾਨ ਕਰਦੀ ਹੈ।

(4) ਚੌਥੀ ਸ਼੍ਰੇਣੀ ਦੇ ਮੱਤਾਂ ਦੀ ਮੂਲ ਧਾਰਨਾਂ ਇਹੀ ਹੈ ਕਿ ਧਾਰਮਿਕ ਅਨੁਭਵ ਗੈਰ-ਬੌਧਿਕ ਤੇ ਅਕੱਥ ਹੁੰਦਾ ਹੈ, ਇਸਦਾ ਅਰਥ ਇਹ ਹੈ ਕਿ ਧਾਰਮਿਕ ਅਨੁਭਵ ਧਰਮ ਦੀ ਵਿਵਹਾਰਕ ਪੱਧਰ ਉਪਰ 'ਉਪਾਅ' ਭਾਵ ਕਿ ਆਰਜ਼ੀ ਸਾਧਨ ਹੈ ਨਾਂ ਕਿ ਸਿਧਾਂਤ, ਸੰਕਲਪ ਜਾਂ ਵਿਸ਼ਵਾਸ।ਇਹ ਉਪਾਅ ਉਸ ਹਸਤੀ ਵਾਂਗ ਅਸਥਿਰ ਹੁੰਦੇ ਹਨ ਜਿਸ ਨੂੰ ਰੂਹਾਨੀ ਖੁਰਾਕ ਪ੍ਰਦਾਨ ਕਰਨ ਦਾ ਇਹ ਸਾਧਨ ਹੁੰਦੇ ਹਨ।ਬੁੱਧ ਧਰਮ ਜਿਹੜਾ ਕਿ ਹਿੰਦੂ ਧਰਮ ਦਾ ਹੀ ਇਕ ਨਿਰਯਾਤ ਰੂਪ ਹੈ, ਇਸ ਸ਼੍ਰੇਣੀ ਦਾ ਮੱਤ ਹੈ।ਬੁੱਧ ਮੱਤ ਦੀਆਂ ਕਈ ਸ਼ਾਖਾਵਾਂ ਹਨ ਜਿਵੇਂ: 'ਹੀਨਯਾਨ' ਜਿਸ ਨੂੰ ਮੂਲ ਰੂਪ ਵਿਚ ਨੈਤਿਕ-ਦਾਰਸ਼ਨਿਕ ਧਰਮ ਕਿਹਾ ਜਾਂਦਾ ਹੈ, 'ਮਹਯਾਨ' 'ਵੈਰਯਾਨ' 'ਤੰਤਰਯਾਨ' 'ਮੰਤਰਯਾਨ' 'ਤਿੱਬਤੀ ਬੁੱਧ-ਮੱਤ' ਅਤੇ ਜੇਨੱ।

(5) ਧਰਮਾਂ ਦੀ ਪੰਜਵੀਂ ਸ਼੍ਰੇਣੀ ਵਿਚ ਉਹ ਧਰਮ ਹਨ ਜਿੰਨ੍ਹਾਂ ਦਾ ਨਿਸ਼ਾਨਾਂ ਕੱਟੜਤਾ ਤਿਆਗਣਾ ਹੈ ਅਤੇ ਇਹ ਉਸ ਧਾਰਮਿਕ ਅਨੁਭਵ ਵੱਲ ਸੇਧਿਤ ਕਰਦੇ ਹਨ ਜਿਸਨੂੰ ਹਰ ਧਰਮ ਦਾ ਅਨੁਯਾਈ ਅਨੁਭਵ ਕਰ ਸਕਦਾ ਹੈ; ਇਸ ਲਈ ਇਹ ਧਰਮ ਕਿਸੇ ਸਿਧਾਂਤ, ਕਿਸੇ ਵਿਸ਼ਵਾਸ ਨਾਲ ਟਕਰਾਉਂਦੇ ਨਹੀਂ ਅਤੇ ਇੰਨ੍ਹਾਂ ਦਾ ਨਿਸ਼ਾਨਾਂ ਧਰਮ ਬਦਲੀ ਨਹੀਂ ਸਗੋਂ ਧਾਰਮਕਿ ਜੀਵਨ ਜਿਉਣਾ ਹੈ ਅਤੇ ਇਉਂ ਇਹ ਧਰਮ ਇਕ ਪੁਲ ਵਾਂਗ ਕੰਮ ਕਰਦੇ ਹਨ ਨਾਂ ਕਿ ਵਿਸ਼ਵ-ਵਿਆਪੀ ਜੇਤੂ ਵਾਂਗ, ਜਿਵੇਂ ਕਿ ਇਸਲਾਮ ਤੇ ਮਸੀਹੀ ਧਰਮਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਲੋਕ ਵੱਧ ਤੋਂ ਵੱਧ ਉਨ੍ਹਾਂ ਦੇ ਹੀ ਧਰਮ ਵਿਚ ਸ਼ਾਮਲ ਹੋਣ।ਸਿੱਖ ਧਰਮ ਪੰਜਵੀਂ ਸ਼੍ਰੇਣੀ ਦਾ ਧਰਮ ਹੈ ਜਿਹੜਾ ਕਿ ਦੂਜੇ ਸਿਧਾਂਤਾਂ ਤੇ ਵਿਸ਼ਵਾਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ

ਕਰਦਾ ਸਗੋਂ ਧਰਮ ਬਦਲਣ ਦੀ ਥਾਂ ਸੰਵਾਦ ਦੀ ਯਾਚਨਾਂ ਕਰਦਾ ਹੈ ਤਾਂ ਜੁ ਧਾਰਮਿਕ ਤੰਗ-ਨਜ਼ਰੀ ਤੋਂ ਅੱਗੇ ਵਧਿਆ ਜਾਵੇ।ਇਹ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਨਾਂ ਤਾਂ ਵਿਸ਼ਵ-ਵਿਆਪੀ ਸੰਕਲਪ ਦਿੱਤਾ ਜਾਵੇ ਨਾਂ ਸੰਸਲੇਸ਼ਨ ਜਾਂ ਸਮਨਵੈ ਕਰਕੇ ਧਰਮਾਂ ਨੂੰ ਮਿਲਾਇਆ ਜਾਵੇ ਬਲਕਿ ਹਰ ਕਿਸੇ ਨੂੰ ਆਪਣੇ ਧਰਮ ਦੀ ਸੋਚ, ਸ਼ਰਧਾ ਤੇ ਕਰਮ ਵਿਚ ਗਹਿਰਾਈ ਤੀਕ ਜਾਣਾ ਚਾਹੀਦਾ ਹੈ।ਇਸਦਾ ਖਿਆਲ ਇਹ ਹੈ ਕਿ ਹਰ ਜਿਉਂਦੇ ਧਰਮ ਦੀ ਗਹਿਰਾਈ ਵਿਚ ਕੋਈ ਅਜਿਹਾ ਨੁਕਤਾ ਹੁੰਦਾ ਹੈ ਜਿਹੜਾ ਇਸਦੇ ਮਹੱਤਵ ਨੂੰ ਖੋਰਾ ਲਾਉਂਦਾ ਹੈ ਅਤੇ ਇਹ ਨੁਕਤਾ ਰੂਹਾਨੀ ਆਜ਼ਾਦੀ ਤੇ ਰੋਕ ਲਾ ਕੇ ਕੱਟੜਤਾ ਵਾਲੀ ਵੰਡ ਪਾਉਂਦਾ ਹੈ।

(2) ਪਹਿਲੀ ਸ਼੍ਰੇਣੀ ਦੇ ਧਰਮਾਂ ਨੇ ਰਾਜਨੀਤਕ ਤੇ ਸਮਾਜਿਕ ਯੋਗਤਾ ਦੁਆਰਾ ਆਪਣਾ ਨਿਵੇਕਲਾ ਦਬ-ਦਬਾਅ ਅਤੇ ਪਹਿਲਾਂ ਵਾਲੀ ਸ਼ਨਾਖਤ ਤੇ ਵਿਸ਼ੇਸ਼ ਅਧਿਆਤਮਕ ਅਧਿਕਾਰਾਂ ਵਾਲਾ ਰੁਤਬਾ ਬਰਕਰਾਰ ਰੱਖੇ ਹਨ।

(3) ਦੂਜੀ ਸ਼੍ਰੇਣੀ ਦੇ ਧਰਮਾਂ ਵਿਚੋਂ ਈਸਾਈ ਮੱਤ ਦਾ ਵਿਸ਼ਵਾਸ ਹੈ ਕਿ ਚੀਜ਼ਾਂ ਦੀ ਪ੍ਰਕਿਰਤੀ ਵਿਚ ਸੰਸਾਰ ਲਈ ਦੈਵੀ-ਪ੍ਰੇਮ ਹੈ, ਜਿਸ ਦਾ ਨਿਸ਼ਾਨਾਂ ਦੁੱਖ ਸਹਿ ਕੇ ਨਵੇਂ ਰਾਜ ਦੀ ਸਥਾਪਨਾ ਲਈ ਕੰਮ ਕਰਨਾਂ ਹੈ, ਜਿਥੇ ਸਾਰੇ ਕੰਮ ਰੱਬ ਦੇ ਹੁਕਮ ਅਨੁਸਾਰ ਹੋਣਗੇ ਜਿਵੇਂ ਕਿ ਸਵਰਗ ਵਿਚ ਹੁੰਦਾ ਹੈ।

(4) ਦੂਜੀ ਸ਼੍ਰੇਣੀ ਵਿਚ ਆਉਂਦੇ ਇਸਲਾਮ ਦਾ ਨਿਸ਼ਾਨਾਂ 'ਅਲ-ਜਹਾਦ' ਲਈ ਵਾਹ ਲਾਉਣੀ ਹੈ ਤਾਂ ਜੁ ਸੰਸਾਰ ਵਿਚ ਉਨ੍ਹਾਂ ਨਿਯਮਾਂ ਨੂੰ ਲਾਗੂ ਕੀਤਾ ਜਾ ਸਕੇ ਜਿਹੜੇ ਆਕਾਸ਼ਬਾਣੀ ਰਾਹੀਂ ਆਏ ਤੇ ਮੁਹੰਮਦ ਸਾਹਿਬ ਵਲੋਂ ਦਿੱਤੇ ਗਏ ਸਨ।ਇਸ ਧਰਮ ਅਨੁਸਾਰ ਰੱਬ ਨੇ ਮਨੁੱਖ ਤੇ ਸੰਸਾਰ ਦੀ ਰਚਨਾਂ ਇਸੇ ਉਦੇਸ਼ ਲਈ ਕੀਤੀ ਹੈ; ਜਿਵੇਂ ਕਿ 'ਸ਼ਰਾ ਤਹਾਤੁਸ ਸ਼ੈਫ' ਵਿਚ ਜ਼ਿਕਰ ਪ੍ਰਾਪਤ ਹੁੰਦਾ ਹੈ।

(5) ਤੀਜੀ ਸ਼੍ਰੇਣੀ ਦੇ ਧਰਮ ਦੂਜਿਆਂ ਤੋਂ ਅਲੱਗ-ਥਲੱਗ ਸਵੈ-ਸਮਰੱਥ ਤੇ ਸਵੈ-ਇਜਾਰੇਦਾਰੀ ਵਾਲੇ ਹਨ ਤੇ ਬਾਹਰੀ ਦਖਲ ਨੂੰ ਬਰਦਾਸ਼ਤ ਨਹੀਂ ਕਰਦੇ ਅਤੇ ਆਪਣੀ ਅੰਦਰੂਨੀ ਪਵਿਤ੍ਰਤਾ ਨੂੰ ਕਾਇਮ ਰਖਦੇ ਹਨ।

(6) ਚੌਥੀ ਸ਼੍ਰੇਣੀ ਦੇ ਧਰਮ ਗੈਰ-ਸਮਾਜਿਕ ਤੇ ਗੈਰ-ਸੰਸਥਾਤਮਕ ਹਨ ਅਤੇ ਮਨੁੱਖ ਵਿਚ ਨਿੱਜੀ ਪੱਧਰ ਦੀ ਚੇਤਨਾ ਜਗਾਉਂਦੇ ਹਨ ਨਾਂ ਕਿ ਉਸ ਨੂੰ ਪੂਰੇ ਸਮਾਜ ਦਾ ਅੰਗ ਮੰਨਦੇ ਹਨ।ਇੰਨ੍ਹਾਂ ਧਰਮਾਂ ਅਨੁਸਾਰ 'ਪ੍ਰਜਨਾ' ਭਾਵ ਕਿ ਪਰਾ-ਗਿਆਨ ਮਨੁੱਖਾਂ ਨੂੰ ਸਾਰੇ ਨਾਮਾਂ ਤੇ ਰੂਪਾਂ ਦੀਆਂ ਸੀਮਾਵਾਂ ਤੋਂ ਮੁਕਤ ਕਰਦੀ ਹੈ।

(7) ਪੰਜਵੀਂ ਸ਼੍ਰੇਣੀ ਦੇ ਧਰਮਾਂ ਵਿਚ ਸਿੱਖ ਧਰਮ ਆਉਂਦਾ ਹੈ ਜੋ ਕਿ ਸਾਰੇ ਧਰਮਾਂ ਦੀ ਏਕਤਾ ਨੂੰ ਮਾਨਤਾ ਦਿੰਦਾ ਹੈ। ਇਸਦਾ ਕਹਿਣਾ ਹੈ ਕਿ ਸਾਰੇ ਧਰਮਾਂ ਵਿਚ ਕੁੱਝ ਖਾਮੀਆਂ ਹਨ ਜਿੰਨ੍ਹਾਂ ਕਰਕੇ ਇੰਨ੍ਹਾਂ ਵਿਚ ਬੁਨਿਆਦੀ ਸੰਕਲਪਾਂ ਜਿਵੇਂ ਪਰਮ-ਸੱਚ ਅਤੇ ਜਗਤ ਪ੍ਰਤੀ ਦ੍ਰਿਸ਼ਟੀਕੋਣ ਬਾਰੇ ਮੱਤਭੇਦ ਹੁੰਦੇ ਹਨ ਜੋ ਕਿ ਬੇ-ਮੇਲ ਤੱਤਾਂ ਕਾਰਣ ਇੰਨ੍ਹਾਂ ਦਰਮਿਆਨ ਸੱਚਾ ਤੇ ਪੱਕਾ ਮੇਲ ਪੈਦਾ ਕਰਨ ਵਿਚ ਰੁਕਾਵਟ ਪਾਉਂਦੇ ਹਨ।ਸਿੱਖ ਧਰਮ ਵੱਖ ਵੱਖ ਧਰਮਾਂ ਤੇ ਉਨ੍ਹਾਂ ਦੇ ਅਨੁਯਾਈਆਂ ਨਾਲ ਖੁੱਲ੍ਹ ਕੇ ਸੰਵਾਦ ਕਰਦਾ ਹੈ ਤਾਂ ਜੁ ਮਜ਼ਬੀ ਸੰਕੀਰਣਤਾ ਦੇ ਘੇਰੇ ਵਿਚੋਂ ਬਾਹਰ ਆਇਆ ਜਾ ਸਕੇ ਅਤੇ ਸਾਰੇ ਧਰਮਾਂ ਦੀ ਗਹਿਰਾਈ ਵਿਚ ਪਏ ਧਾਰਮਿਕ ਪ੍ਰਗਟਾ ਨੂੰ ਸਮਝਿਆ ਜਾ ਸਕੇ।ਇਸ ਦੇ ਸਿੱਟੇ ਵਜੋਂ ਸਿੱਖ ਧਰਮ ਅਨੇਕਵਾਦੀ, ਆਜ਼ਾਦ ਤੇ ਅਗਾਂਹਵਧੂ ਮਨੁੱਖੀ ਸਮਾਜ ਦੀ ਮੰਗ ਕਰਦਾ ਹੈ ਜਿਹੜਾ ਰੱਬ ਵੱਲ ਝੁਕਾ ਰੱਖੇ, ਅਤੇ ਝਗੜਾਲੂ ਨਾਂ ਹੋਵੇ, ਸਗੋਂ ਬੁਰਾਈ ਵਿਰੁੱਧ ਜਥੇਬੰਦਕ ਪ੍ਰਤੀਰੋਧ ਪੈਦਾ ਕਰਨ ਤੇ ਜੂਝਣ ਲਈ ਦ੍ਰਿੜ ਤੇ ਹਮੇਸ਼ਾ ਤੱਤਪਰ ਹੋਵੇ।ਇਹ ਸਭ ਕੁੱਝ ਨੂੰ ਸਿਰੇ ਚਾੜ੍ਹਨ ਲਈ ਸਿੱਖ ਧਰਮ ਭਲੇ ਲੋਕਾਂ ਦੇ ਜਥੇਬੰਦਕ ਤੇ ਸਾਂਝੇ ਯਤਨਾਂ ਦੀ ਸਿਫਾਰਸ਼ ਕਰਦਾ ਹੈ ਅਤੇ ਇਸ ਮੰਤਵ ਦੀ ਪੂਰਤੀ ਲਈ ਮਨੁੱਖ ਨੂੰ ਕੀ ਕਰਨਾਂ ਚਾਹੀਦਾ ਹੈ ਇਸ ਦਾ ਵੀ ਸੰਕੇਤ ਪ੍ਰਾਪਤ ਹੁੰਦਾ ਹੈ, ਜੋ ਕਿ ਇਸ ਪਰਚੇ ਦੇ ਛੋਟੇ ਜਿਹੇ ਘੇਰੇ ਵਿਚ ਨਹੀਂ ਆਉਂਦਾ।